**Exam. Code : 103201**
**Subject Code : 1002**

**B.A./B.Sc. 1st Semester**

**PUNJABI (Compulsory)**

Time Allowed—3 Hours] [Maximum Marks—50

**ਨੋਟ :—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿੱਚ **ਦੋ** ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ।

**ਭਾਗ–ੳ**

1. 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ। 10

2. 'ਡਾ. ਹਰਿਭਜਨ ਸਿੰਘ' ਦੇ ਜੀਵਨ ਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ। 10

**ਭਾਗ–ਅ**

3. 'ਗੁਰੂ ਰਾਮਦਾਸ ਜੀ' ਦੀ ਜੀਵਨੀ ਦਾ ਵਿਸ਼ਾ-ਵਸਤੂ ਲਿਖੋ। 10

4. 'ਭਗਵਾਨ ਬੁੱਧ' ਜੀਵਨੀ ਦਾ ਸਾਰ ਲਿਖੋ। 10

**ਭਾਗ–ੲ**

5. ਹੇਠ ਲਿਖਿਆਂ ਵਿਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :
   (i) ਇੰਟਰਨੈੱਟ ਦੀ ਦੁਰਵਰਤੋਂ
   (ii) ਬੇਰੁਜ਼ਗਾਰੀ ਦੀ ਸਮੱਸਿਆ
   (iii) ਵੱਧ ਰਹੇ ਨਸ਼ੇ। 10


Gndupapers.com

6. ਪੈਰ੍ਹਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ। 'ਘਰ' ਤੋਂ ਭਾਵ ਉਹ ਥਾਂ ਹੈ- ਜਿੱਥੇ ਮਨੁੱਖ ਦੇ ਪਿਆਰ ਤੇ ਸੱਧਰਾਂ ਪਲਦੀਆਂ ਹਨ। ਜਿੱਥੇ ਬਾਲਪਨ ਵਿਚ ਮਾਂ, ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿੱਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ ਲਿਤਾੜ ਕੇ, ਖੱਟੀ ਕਮਾਈ, ਕਰਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿੱਥੇ ਬੁਢਾਪੇ ਵਿਚ ਬਹਿਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਆਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ, ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਆਉਂਦਾ ਸੀ। ਘਰ ਮਨੁੱਖ ਦੇ ਨਿੰਜੀ ਵਲਵਲਿਆਂ ਤੇ ਸ਼ਖਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਨ ਬਣਾਉਣ ਵਿਚ ਜਿੱਥੇ ਸਮਾਜਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉਥੇ ਘਰ ਦੀ ਚਾਰ ਦਿਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ। ਸਗੋਂ ਮਨੁੱਖ ਦਾ ਆਚਰਨ ਬਣਦਾ ਹੀ ਘਰ ਵਿਚ ਹੈ। ਇਹੋ ਉਸ ਦੀਆਂ ਰੁਚੀਆਂ ਤੇ ਸੁਭਾਉ ਦਾ ਸਾਂਚਾ ਹੈ। ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ।

(i) 'ਘਰ' ਤੋਂ ਕੀ ਭਾਵ ਹੈ ?

(ii) 'ਘਰ' ਕਿਸ ਦਾ ਕੇਂਦਰ ਹੁੰਦਾ ਹੈ ?

(iii) ਮਨੁੱਖ ਦੇ ਆਚਰਨ ਵਿਚ ਕਿਸ-ਕਿਸ ਦਾ ਰੋਲ ਹੁੰਦਾ ਹੈ ?

(iv) ਮਨੁੱਖ ਦੀਆਂ ਰੁਚੀਆਂ ਤੇ ਸੁਭਾਅ ਦਾ ਸਾਂਚਾ ਕੀ ਹੈ ?

(v) 'ਘਰ ਦਾ ਪਿਆਰ' ਨਾ ਮਿਲਣ ਕਾਰਨ ਮਨੁੱਖ ਦਾ ਸੁਭਾਅ ਕਿਹੋ-ਜਿਹਾ ਹੋ ਜਾਂਦਾ ਹੈ ? $2 \times 5 = 10$

## ਭਾਗ-ਸ

7. ਭਾਸ਼ਾ ਤੋਂ ਕੀ ਭਾਵ ਹੈ ? ਭਾਸ਼ਾ ਅਤੇ ਉਪਭਾਸ਼ਾ ਵਿਚ ਕੀ ਅੰਤਰ ਹਨ ? ਚਰਚਾ ਕਰੋ। 10

8. ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਚਰਚਾ ਕਰੋ। 10


Gndupapers.com